# ਅਗੇਤਾ ਉਪਾਅ

# Early Intervention

**ਸਾਈਕੋਸਿਸ (psychosis) ਦੇ ਅਗੇਤੇ ਉਪਾਵਾਂ Early Intervention ਵਿਚ ਇਹ ਕੁੱਝ ਸ਼ਾਮਲ ਹੁੰਦਾ ਹੈ:**

- ਸਾਈਕੋਸਿਸ ਦੇ ਪਹਿਲੇ ਦੌਰੇ first-episode ਦਾ ਅਗੇਤਾ ਪਤਾ ਲਾਉਣਾ detection ਅਤੇ ਉਪਾਅ ਕਰਨੇ।
- ਰੋਗ ਦੇ ਨਾਜ਼ੁਕ ਸਮੇਂ "crucial period" ਇਲਾਜ ਜਾਰੀ ਰੱਖਣਾ।
- ਸਾਈਕੋਸਿਸ ਦੇ ਮੁੜ ਹੋਣ ("ਰੀਲੈਪਸ") ਦਾ ਅਗੇਤਾ ਪਤਾ ਲਾਉਣਾ ਅਤੇ ਉਪਾਅ ਕਰਨੇ।

## 1

## ਸਾਈਕੋਸਿਸ ਦੇ ਪਹਿਲੇ ਦੌਰੇ ਦਾ ਅਗੇਤਾ ਪਤਾ ਲਾਉਣਾ ਅਤੇ ਉਪਾਅ ਕਰਨੇ

### Early detection and treatment of the first-episode of psychosis।

ਬਹੁਤ ਸਾਰੀਆਂ ਖੋਜਾਂ ਇਹ ਦੱਸਦੀਆਂ ਹਨ ਕਿ ਜਿਨ੍ਹਾਂ ਤੇ ਸਾਈਕੋਸਿਸ ਰੋਗ ਅਸਰ ਕਰਦਾ ਹੈ, ਉਹਨਾਂ ਦਾ ਇਲਾਜ ਸ਼ੁਰੂ ਕਰਨ ਵਿਚ ਅਕਸਰ ਬਹੁਤ ਦੇਰ ਹੋਈ ਹੁੰਦੀ ਹੈ।

ਵੱਖਰੇ ਵੱਖਰੇ ਲੋਕਾਂ ਵਿਚ ਇਹ ਦੇਰੀ ਬਹੁਤ ਤਰ੍ਹਾਂ ਦੀ ਹੁੰਦੀ ਹੈ ਪਰ ਅਕਸਰ ਸਾਈਕੋਸਿਸ ਦੇ ਲੱਛਣਾਂ ਦੇ ਆਰੰਭ ਅਤੇ ਸਹੀ ਇਲਾਜ ਦੀ ਸ਼ੁਰੂਆਤ ਵਿਚ ਇਕ ਸਾਲ ਤੋਂ ਵੱਧ more than one year ਦੀ ਵਿੱਥ ਹੁੰਦੀ ਹੈ।

ਇਲਾਜ ਤੋਂ ਪਹਿਲਾਂ ਦਾ ਲੰਬਾ ਸਮਾਂ ਵਿਅਕਤੀ ਅਤੇ ਓਸਦੇ ਪਰਿਵਾਰ ਵਾਸਤੇ ਦੁੱਖ, ਗੜਬੜ ਅਤੇ ਰੋਗ ਮਗਰੋਂ ਪੈਦਾ ਹੋਈਆਂ ਮੁਸ਼ਕਿਲਾਂ development of secondary problems ਵਿਚ ਕਾਫੀ ਵਾਧਾ ਕਰਦਾ ਹੈ।

ਕੁੱਝ ਗਵਾਹੀਆਂ (Evidence) ਇਹ ਦੱਸਦੀਆਂ ਹਨ ਕਿ ਇਲਾਜ ਵਿਚ ਲੰਮੀ ਦੇਰੀ ਨਾਲ ਹੋ ਸਕਦਾ ਹੈ ਕਿ ਰੋਗ ਨੂੰ ਇਲਾਜ ਦਾ ਅਸਰ ਘੱਟ ਕਬੂਲਣ ਵਾਲਾ ਬਣਾਉਂਦਾ ਹੋਵੇ।

ਇਹ ਵੀ ਪਾਇਆ ਗਿਆ ਹੈ ਕਿ ਇਲਾਜ ਕਰਵਾਉਣ ਵਿਚਲੀ ਦੇਰੀ ਨੂੰ ਹੌਲੀ ਹੌਲੀ ਰਾਜ਼ੀ ਹੋਣ ਅਤੇ ਘੱਟ ਪੂਰੀ ਤਰ੍ਹਾਂ ਰਾਜ਼ੀ ਹੋਣ ਨਾਲ ਜੋੜਿਆ ਜਾਂਦਾ ਹੈ ਅਤੇ ਸਾਈਕੋਸਿਸ ਦੇ ਲੱਛਣਾਂ ਦਾ ਇਲਾਜ ਤੋਂ ਪਹਿਲਾਂ ਲੰਮਾ ਸਮਾਂ ਰਹਿਣ ਨਾਲ ਰੋਗ ਦੇ ਮਾੜੇ ਵਿਕਾਸ ਅਤੇ ਰੋਗ ਦੇ ਮੁੜ ਜਲਦੀ ਹੋਣ ਵਿਚ ਹਿੱਸਾ ਪੈਂਦਾ ਹੈ।

## 2

## ਰੋਗ ਦੇ ਨਾਜ਼ੁਕ ਸਮੇਂ ਇਲਾਜ ਜਾਰੀ ਰੱਖਣਾ

### Sustained treatment during the "crucial period"।

ਸਾਈਕੋਸਿਸ ਦੇ ਆਰੰਭ ਤੋਂ ਬਾਦ ਦਾ ਪਹਿਲਾ ਕੁੱਝ ਸਾਲਾਂ ਦਾ ਸਮਾਂ ਨਾਜ਼ੁਕ ਸਮਾਂ "crucial period" ਗਿਣਿਆ ਜਾਂਦਾ ਹੈ।

ਇਹੀ ਸਮਾਂ ਹੈ ਜਿਸ ਦੌਰਾਨ ਸਮਾਜੀ ਅਤੇ ਨਿੱਜੀ ਅਯੋਗਤਾ ਪੈਦਾ ਹੋਣ ਦੀ ਸੰਭਾਵਨਾ ਹੁੰਦੀ ਹੈ।

ਇਸ ਨਾਜ਼ੁਕ ਸਮੇਂ ਦੌਰਾਨ ਉਦਾਸੀ depression, ਕੰਮ ਨਾ ਮਿਲਣਾ, ਰਹਿਣ ਦੀ ਜਗ੍ਹਾ ਨਾ ਹੋਣੀ, ਸਮਾਜੀ

ਸਹਾਰਿਆਂ ਵਿਚ ਕਮੀ decreased social support, ਨਸ਼ੇ drugs ਅਤੇ ਸਵੈਮਾਨ ਵਿਚ ਘਾਟ loss of self-esteem ਬੜੇ ਜ਼ੋਰਾਂ ਨਾਲ ਪੈਦਾ ਹੋ ਸਕਦੇ ਹਨ।

ਜਿੰਨਾਂ ਲੰਮਾ ਸਮਾਂ ਇਹ ਜ਼ਰੂਰਤਾਂ ਪੂਰੀਆਂ ਨਹੀਂ ਹੁੰਦੀਆਂ, ਉੱਨਾਂ ਹੀ ਮੁਸ਼ਕਿਲ ਹੋ ਜਾਂਦਾ ਹੈ ਇਨ੍ਹਾਂ ਦਾ ਉਪਾਅ ਕਰਨਾ।

ਸਾਈਕੋਸਿਸ ਦੇ ਆਰੰਭ ਤੋਂ ਬਾਦ ਦੇ ਕੁੱਝ ਸਾਲਾਂ ਵਿਚ ਰੋਗ ਮਗਰੋਂ ਪੈਦਾ ਹੋਈਆਂ ਮੁਸ਼ਕਿਲਾਂ secondary problems ਦਾ ਚੁਸਤੀ ਨਾਲ ਉਪਾ ਕਰਨ ਨਾਲ ਲੰਮੇ ਸਮੇਂ ਤਕ ਵਧੀਆ ਨਤੀਜਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸ ਕਰਕੇ ਸਾਈਕੋਸਿਸ ਦੇ ਅਗੇਤੇ ਉਪਾਅ ਰੋਗ ਦੇ ਸਿਰਫ ਇਕ ਪਹਿਲੇ ਹਮਲੇ ਦਾ ਇਲਾਜ ਹੀ ਨਹੀਂ, ਸਗੋਂ ਇਸ ਵਿਚ ਇਲਾਜ ਜਾਰੀ ਰੱਖਣਾ ਵੀ ਸ਼ਾਮਲ ਹੁੰਦਾ ਹੈ ਤਾਂਕਿ ਅਯੋਗਤਾ ਪੈਦਾ ਹੋਣ ਤੋਂ ਰੋਕਥਾਮ ਕੀਤੀ ਜਾਵੇ ਅਤੇ ਜ਼ਿੰਦਗੀ ਦੀ ਕੁਆਲਟੀ ਨੂੰ ਵਧਾਈਆ ਜਾਵੇ।

## 3

## ਸਾਈਕੋਸਿਸ ਦੇ ਮੁੜ ਹੋਣ (“ਰੀਲੈਪਸ”) ਦਾ ਅਗੇਤਾ ਪਤਾ ਲਾਉਣਾ ਅਤੇ ਉਪਾਅ ਕਰਨੇ

### Early detection and treatment of any psychotic relapses।

ਜਿਹੜੇ ਰੋਗ ਦੇ ਪਹਿਲੇ ਦੌਰ ਵਿੱਚੋਂ ਲੰਘ ਰਹੇ ਹੁੰਦੇ ਹਨ, ਉਹਨਾਂ ਨੂੰ ਰੋਗ ਮੁੜ ਸ਼ੁਰੂ ਹੋਣ ਦਾ ਖਤਰਾ ਹੁੰਦਾ ਹੈ।

ਇਸ ਨਾਜ਼ੁਕ ਸਮੇਂ ਇਲਾਜ ਜਾਰੀ ਰੱਖਣ ਨਾਲ ਰੋਗ ਮੁੜ ਸ਼ੁਰੂ ਹੋਣ ਦਾ ਖਤਰਾ ਘਟ ਜਾਵੇਗਾ ਪਰ ਬਿਲਕੁੱਲ ਖਤਮ ਨਹੀਂ ਹੋਵੇਗਾ।

ਇਸ ਸਮੇਂ ਇਹ ਜ਼ਰੂਰੀ ਹੈ ਕਿ ਰੋਗ ਦੇ ਮੁੜ-ਆਉਣ ਦੇ ਚਿੰਨ੍ਹਾਂ ਤੋਂ ਸੁਚੇਤ ਰਹਿਆ ਜਾਵੇ ਅਤੇ ਛੇਤੀ ਛੇਤੀ ਉਪਾਅ ਕਰਕੇ ਇਸਦੇ ਮੁੜ-ਆਉਣ ਨੂੰ ਰੋਕਿਆ ਜਾ ਸਕੇ ਜਾਂ ਇਸਦੀ ਤੀਬਰਤਾ ਨੂੰ ਘਟਾਇਆ ਜਾ ਸਕੇ।

ਬਿਨ-ਇਲਾਜ ਵਾਲੇ ਸਮੇਂ ਨੂੰ ਘਟਾਉਣ ਨਾਲ (ਸ਼ੁਰੂ ਵਾਲੇ ਦੌਰੇ ਅਤੇ ਕੋਈ ਵੀ ਮੁੜ ਹੋਏ ਹਮਲੇ) ਵਧੀਆ ਨਤੀਜਾ ਨਿਕਲਣ ਦੀ ਸੰਭਾਵਨਾ ਵਧਦੀ ਹੈ।

## ਅਗੇਤੇ ਉਪਾਅ ਦੇ ਲਾਭ

### Benefits of Early Intervention:

- ਰੋਗ ਕਰਕੇ ਮਗਰੋਂ ਆਉਣ ਵਾਲੀਆਂ ਹੋਰ ਸਮੱਸਿਆਵਾਂ ਅਤੇ ਕੰਮ/ਸਕੂਲ ਵਿਚ ਗੜਬੜ ਵਿਚ ਕਮੀ ਹੁੰਦੀ ਹੈ।
- ਸਮਾਜੀ ਮੇਲ-ਗੇਲ ਦਾ ਚੱਜ ਆਚਾਰ ਅਤੇ ਸਮਾਜੀ ਸਹਾਰਿਆਂ ਨੂੰ ਕਾਇਮ ਰੱਖਣਾ।
- ਹਸਪਤਾਲ ਵਿਚ ਰਹਿਣ ਦੀ ਜ਼ਰੂਰਤ ਘਟਦੀ ਹੈ।
- ਛੇਤੀ ਤੰਦਰੁਸਤੀ ਅਤੇ ਰੋਗ ਦੇ ਵਿਸ਼ੇ ਬਾਰੇ ਭਵਿੱਖ ਬਾਣੀ ਵਧੀਆ।
- ਪਰਿਵਾਰ ਵਿਚਲੀ ਗੜਬੜ ਅਤੇ ਕਸ਼ਟ ਵਿਚ ਕਮੀ।
- ਸਾਈਕੋਸਿਸ ਰੋਗ ਇਲਾਜ ਦੀ ਵਿਰੋਧਤਾ ਕਰਨ ਦੇ ਘਟ ਯੋਗ ਰਹਿੰਦਾ ਹੈ ਅਤੇ ਰੋਗ ਦੇ ਮੁੜ-ਆਉਣ ਦਾ ਖਤਰਾ ਘਟਦਾ ਹੈ।

---

11/21/2004